**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ**

**ਜਨਤਕ ਨੋਟਿਸ**

1.0 ਅਧੀਨ ਸੇਵਾਵਾ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰ.02 ਆਫ 2022 ਰਾਹੀਂ ਪ੍ਰਕਾਸ਼ਿਤ ਕਲਰਕ ਲੀਗਲ ਦੀਆਂ ਆਸਾਮੀਆਂ ਦੀ ਸਿੱਧੀ ਭਰਤੀ ਲਈ ਲਿਖਤੀ ਪ੍ਰੀਖਿਆ ਮਿਤੀ 08.07.2023 ਨੂੰ ਲਈ ਜਾਣੀ ਹੈ । ਦਿਵਿਆਂਗਜਨ (Physical Handicapped) ਦੀ ਕੈਟਾਗਰੀ ਵਿੱਚ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 08.07.2023 ਨੂੰ ਲਈ ਜਾਣ ਵਾਲੀ ਲਿਖਤੀ ਪ੍ਰੀਖਿਆ ਵਿੱਚ ਸਿਰਫ ਉਨ੍ਹਾਂ ਉਮੀਦਵਾਰਾਂ ਨੂੰ ਹੀ Scribe ਲੈਣ ਦੀ ਆਗਿਆ ਦਿੱਤੀ ਜਾਵੇਗੀ, ਜਿਹੜੇ ਉਮੀਦਵਾਰਾਂ ਵੱਲੋਂ ਆਪਣੀ ਪ੍ਰਤੀਬੇਨਤੀ Government of India, Ministry of Social Justice & Empowerment, Department of Empowerment of Persons with Disabilities (Divyangjan), F.No 34-02/2015-DD-III dated 29-Aug-2018 ਵਿੱਚ ਦਰਜ ਹਦਾਇਤਾਂ ਅਨੁਸਾਰ ਨਿਰਧਾਰਿਤ ਪ੍ਰੋਫਾਰਮੇ (Annexure-A) (ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਸਰਟੀਫਿਕੇਟ) ਹਰ ਪੱਖੋ ਮੁਕੰਮਲ ਕਰਦੇ ਹੋਏ ਮਿਤੀ 06.07.2023 ਦੁਪਹਿਰ 02:00 ਵਜੇ ਤੱਕ ਬੋਰਡ ਦੇ ਦਫਤਰ ਵਿਖੇ ਦਸਤੀ ਪੇਸ਼ ਕੀਤੀ ਜਾਵੇਗੀ। ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਪ੍ਰਤੀਬੇਨਤੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਪ੍ਰੀਖਿਆ ਕੇਂਦਰ ਵਿੱਚ ਸਿੱਧੇ ਤੌਰ ਤੇ Scribe ਦੀ ਮੰਗ ਕਰਨ ਵਾਲੇ ਉਮੀਦਵਾਰਾਂ ਨੂੰ ਅਜਿਹੀ ਕੋਈ ਸਹੂਲਤ ਨਹੀਂ ਦਿੱਤੀ ਜਾਵੇਗੀ।

2.0 ਉਕਤ ਤੋਂ ਇਲਾਵਾ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ Scribe ਲੈਣ ਸਬੰਧੀ ਪ੍ਰਤੀ ਬੇਨਤੀ ਵਿੱਚ ਦਰਜ ਤੱਥ ਅਤੇ ਨਾਲ ਨੱਥੀ ਦਸਤਾਵੇਜਾਂ ਵਿਚੋਂ ਜੇਕਰ ਕੋਈ ਤੱਥ/ ਦਸਤਾਵੇਜ ਕਿਸੇ ਵੀ ਸਟੇਜ ਤੇ ਗਲਤ ਪਾਇਆ ਜਾਂਦਾ ਹੈ ਤਾਂ ਉਮੀਦਵਾਰ ਦੀ ਪਾਤਰਤਾ ਰੱਦ ਕਰਦੇ ਹੋਏ ਬਣਦੀ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ।

04/07/2023

ਸਹਾਇਕ ਡਾਇਰੈਕਟਰ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।

ਮਿਤੀ: 04.07.2023

ਸਥਾਨ: ਐਸ.ਏ.ਐਸ. ਨਗਰ।

**Annexure-A**

**Certificate regarding physical limitation in an examinee to write**

This is to certify that I have examined Mr/Ms/Mrs -------------
----------- (name of the candidate with disability), a person with ----------------------------
---------(nature and percentage of disability as mentioned in the certificate of disability),
S/o/D/o ----------------------------a resident of ---------------
(Village/ District/State)---------------------------------------
and to state that he/she has physical limitation which hampers his/her writing capabilities owing *to* his/her disability.

Signature
Chief Medical Officer/ Civil Surgeon/ Medical
Superintendent of a Government Health Care Institution

Name & Designation.
Name of Government Hospital/ Health Care Centre with Seal

Place:
Date:

**Note:** Certificate should be given by a specialist of the relevant stream/ disability (eg, Visual impairment - Opthalmologist, Locomotor disability - Prthopaedic specialist/ PMR).

**Annexure-B**

ਉਮੀਦਵਾਰ ਵੱਲੋਂ ਆਪਣੀ ਪ੍ਰਤੀਬੇਨਤੀ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜਾਂ ਦੀ ਸੂਚੀ।

1. Scribe ਲੈਣ ਸਬੰਧੀ ਪ੍ਰਤੀਬੇਨਤੀ।
2. Annexure-A ਅਨੁਸਾਰ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਇਆ ਸਰਟੀਫਿਕੇਟ।
3. ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਇਆ Disability Certificate.
4. Scribe ਦੀ ਜਨਮ ਮਿਤੀ ਅਤੇ ਸਬੂਤ ਵਜੋਂ ਮੈਟਰਿਕ ਦੇ ਸਰਟੀਫਿਕੇਟ ਦੀ ਕਾਪੀ।
5. ਉਮੀਦਵਾਰ ਵੱਲੋਂ ਕਲਰਕ ਕਮ ਡਾਟਾ ਐਂਟਰੀ ਓਪਰੇਟਰ (03/2022) ਦੀ ਅਸਾਮੀ ਲਈ ਅਪਲਾਈ ਕੀਤੇ ਐਪਲੀਕੇਸ਼ਨ ਫਾਰਮ ਦੀ ਕਾਪੀ।

ਨੋਟ:- Scribe ਲੈਣ ਸਬੰਧੀ ਪ੍ਰਤੀਬੇਨਤੀ ਵਿੱਚ ਦਰਜ ਤੱਥ ਅਤੇ ਨਾਲ ਨੱਥੀ ਦਸਤਾਵੇਜਾਂ ਵਿੱਚੋਂ ਜੇਕਰ ਕੋਈ ਤੱਥ/ਦਸਤਾਵੇਜ ਕਿਸੇ ਵੀ ਸਟੇਜ ਤੇ ਗਲਤ ਪਾਇਆ ਜਾਂਦਾ ਹੈ ਤਾਂ ਉਮੀਦਵਾਰ ਦੀ ਪਾਤਰਤਾ ਰੱਦ ਕਰਦੇ ਹੋਏ ਕਾਨੂੰਨੀ ਕਾਰਵਾਈ ਆਰੰਭ ਦਿੱਤੀ ਜਾਵੇਗੀ।